# ਲੈ ਵੇ ਗੰਗੂ ਪਾਪੀਯਾ

ਲੈ ਵੇ ਗੰਗੂ ਪਾਪੀਆਂ ||, ਲਾਹਨਤਾਂ ਸੰਭਾਲ ਵੇ,
ਨੀਹਾਂ 'ਚ ਸ਼ਹੀਦ ਹੋ ਗਏ, ਗੋਬਿੰਦ ਦੇ ਲਾਲ ਵੇ x||-||

ਬੱਚਿਆਂ ਦੇ ਦਿਲਾਂ ਦੀਆਂ, ਧੜਕਣਾਂ ਖ਼ਲੋ ਗਈਆਂ,
ਤੈਨੂੰ ਕਾਹਦਾ ਦੁੱਖ ਤੇਰੇ*, ਦਿਲ ਦੀਆਂ ਹੋ ਗਈਆਂ ||
*ਅੱਜ ਖੁਸ਼ੀ ਨਾਲ ਚੱਲੀ ||, ਮਸਤੀ ਦੀ ਚਾਲ ਵੇ,
ਨੀਹਾਂ 'ਚ ਸ਼ਹੀਦ ਹੋ ਗਏ, ਗੋਬਿੰਦ ਦੇ ਲਾਲ ਵੇ x||

ਬੇਗਾਨੀਆਂ ਸੀ ਆਂਦਰਾਂ, ਕਿਸੇ ਮਾਂ ਦੇ ਲਾਲ ਸੀ,
ਤੈਨੂੰ ਕੀ ਏ ਤੇਰੇ ਲਈ ਤਾਂ*, ਦੁਸ਼ਮਣ ਦੇ ਬਾਲ ਸੀ ||
*ਵੇਚਿਆ ਇਮਾਨ ਤੂੰ || ਤਾਂ, ਫੇਰ ਕਾਹਦਾ ਖ਼ਿਆਲ ਵੇ,
ਨੀਹਾਂ 'ਚ ਸ਼ਹੀਦ ਹੋ ਗਏ, ਗੋਬਿੰਦ ਦੇ ਲਾਲ ਵੇ x||

ਲੂਣ ਹਰਾਮੀ ਤੈਨੂੰ, ਸਦਾ ਲੋਕੀਂ ਕਹਿਣਗੇ,
ਤੂੰ ਤਾਂ ਲਾਹ ਲਈ ਸ਼ਰਮ ਜੋ ਵੀ*, ਕਹਿੰਦੇ ਨੇ ਉਹ ਕਹਿਣ ਦੇ ||
*ਸਾਰੀ ਦੁਨੀਆਂ 'ਚ ਭੈੜਾ ||, ਹੋਣਾ ਤੇਰਾ ਹਾਲ ਵੇ,
ਨੀਹਾਂ 'ਚ ਸ਼ਹੀਦ ਹੋ ਗਏ, ਗੋਬਿੰਦ ਦੇ ਲਾਲ ਵੇ x||

ਆਉਣੀਆਂ ਅਵਾਜ਼ਾਂ ਸਦਾ, ਨੀਹਾਂ ਵਿਚੋਂ ਸੱਚੀਆਂ,
ਤੂੰ ਹੀ ਇੱਟਾਂ ਲਾਲਾਂ ਦੀਆਂ*, ਛਾਤੀਆਂ ਤੇ ਰੱਖੀਆਂ ||
*ਸੋਹਲ ਜਿਹੀਆਂ ਜਿੰਦਾ ਸੀ ||, ਤੂੰ ਕੀਤੀਆਂ ਹਲਾਲ ਵੇ,
ਨੀਹਾਂ 'ਚ ਸ਼ਹੀਦ ਹੋ ਗਏ, ਗੋਬਿੰਦ ਦੇ ਲਾਲ ਵੇ x||
ਲੈ ਵੇ ਗੰਗੂ ਪਾਪੀਆਂ ||, ਲਾਹਨਤਾਂ ਸੰਭਾਲ ਵੇ,
ਨੀਹਾਂ 'ਚ ਸ਼ਹੀਦ ਹੋ ਗਏ, ਗੋਬਿੰਦ ਦੇ ਲਾਲ ਵੇ x||

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/29874/title/lai-ve-gangu-papiya

अपने Android मोबाइल पर BhajanGanga App डाउनलोड करें और भजनों का आनंद ले |